# ਪੰਜਾਬੀਆਂ ਦੇ ਨਾਂ

# ਅਪੀਲ



**ਵਿਸ਼ਵਾ ਨਾਥ ਤਿਵਾੜੀ**
ਐਮ ਏ., ਬੀ. ਏ. (ਆਨਰਜ਼) ਮੈਡਲਿਸਟ
ਰੀਸਰਚ ਸਕਾਲਰ, ਪਟਿਆਲਾ।

ਪਰਕਾਸ਼ਕ:
**ਪੰਜਾਬੀ ਸਾਹਿਤ ਸਭਾ, ਪਟਿਆਲਾ।**

Digitized by Panjab Digital Library | www.panjabdigilib.org

ਸੁਰਗਵਾਸੀ ਮਾਤਾ ਜੀ ਦੇ
ਚਰਨਾਂ ਵਿਚ
ਜਿਨ੍ਹਾਂ ਕੋਲੋਂ ਮਾਖਿਉਂ ਮਿੱਠ
ਪੰਜਾਬੀ ਸਿੱਖੀ

'ਤਿਵਾੜੀ'

Digitized by Panjab Digital Library | www.panjabdigilib.org

1

# ਦੋ–ਗੱਲਾਂ

ਪੰਜਾਬੀ ਵਰਗੇ ਮੰਦੇ ਭਾਗ ਕਿਸੇ ਹੋਰ ਬੋਲੀ ਦੇ ਕੀ ਹੋ ਸਕਦੇ ਹਨ ਕਿ ਇਸਦੇ ਆਪਣੇ ਪੁੱਤਰ ਇਸਨੂੰ ਗ੍ਰਹਿਣ ਕਰਨ ਦੇ ਸਵਾਲ ਉਤੇ ਹੀ ਹੱਥੋ-ਹੱਥੀ ਹੋਏ ਬੈਠੇ ਹਨ। ਇਸ ਭਿਅੰਕਰ ਸਥਿਤੀ ਦਾ ਇਕ ਹੋਰ ਘਿਰਣਾ ਯੋਗ ਪਹਿਲੂ ਇਹ ਹੈ ਕਿ ਪੰਜਾਬੀ ਬੋਲੀ ਤੇ ਸਾਹਿਤ ਦੇ ਸਵਾਲ ਨੂੰ ਕੁਝ ਲੋਕ ਅਪਣੀ ਸਿਆਸੀ ਦੁਕਾਨਦਾਰੀ ਚਮਕਾਉਣ ਲਈ ਵਰਤ ਰਹੇ ਹਨ, ਉਨ੍ਹਾਂ ਨੂੰ ਨ ਪੰਜਾਬੀ ਨਾਲ ਕੋਈ ਹਮਦਰਦੀ ਹੈ ਤੇ ਨ ਕੋਈ ਵੈਰ, ਬਸ ਦੇਵਨੇਤ ਨਾਲ ਇਹ ਮਸਲਾ ਉਨ੍ਹਾਂਦੇ ਹੱਥ ਆਗਿਆ ਹੈ ਤੇ ਸਾਡੇ ਭੋਲੇ ਭਾਲੇ ਲੋਕ ਉਨ੍ਹਾਂ ਦੇ ਪਿਛੇ ਲੱਗਕੇ ਅਪਣੀ ਸਦੀਆਂ ਦੀ ਸਾਂਝ ਨੂੰ ਮਿੱਟੀ ਘਟੇ ਵਿਚ ਰੋਲਣ ਤੇ ਤੁਲੇ ਬੈਠੇ ਹਨ।

ਇਸ ਤੰਗਦਿੱਲੀ ਦਾ ਸ਼ਿਕਾਰ ਹੋਕੇ ਜਦੋਂ ਸਾਡੇ ਪੰਜਾਬ ਦੇ ਰਾਜਸੀ-ਧਾਰਮਕ ਤੇ ਸਭਿਆਚਾਰਕ ਨੇਤਾ ਆਪ ਰਾਹੋਂ ਕੁਰਾਹੇ ਪੈ ਗਏ ਹਨ ਤਾਂ ਏਸ ਵੇਲੇ ਇਕ ਹੋਣਹਾਰ ਪੰਜਾਬੀ ਦਰਦੀ ਦੇ ਦਿੱਲ ਵਿਚੋਂ ਇਕ ਹੂਕ ਉਠੀ ਹੈ ਜਿਹੜੀ ਅਗਲਿਆਂ ਪੰਨਿਆਂ ਵਿਚ ਪੇਸ਼ ਕੀਤੀ ਜਾ ਰਹੀ ਹੈ। ਵਿਸ਼ਵਾ ਨਾਥ ਤਿਵਾੜੀ ਦਾ ਦਿੱਲ ਸਚੀ ਮੁਚੀ ਇਸ ਦੁਖ ਭਰੀ ਅਵਸਥਾ ਤੋਂ ਭਰ ਗਿਆ ਹੈ ਤੇ ਉਸ ਨੇ ਬੜੇ ਠਰੰਮੇ ਤੇ ਮਿੰਨਤ ਨਾਲ ਸਮੁਚੇ ਪੰਜਾਬੀ ਭਾਈਚਾਰੇ ਨੂੰ ਇਸ ਜਿੱਲਣ ਵਿਚੋਂ ਬਾਹਰ ਨਿਕਲਣ ਲਈ ਇਕ ਹੋਕਾ ਦਿਤਾ ਹੈ। ਇਸ ਲੇਖ ਨੂੰ ਲੇਖ ਨਾਲੋਂ ਵਧ ਮੈਂ ਇਕ ਪੁਕਾਰ ਕਹਿਣੀ ਯੋਗ ਸਮਝਾਂਗਾ ਤੇ ਮੈਨੂੰ ਆਸ ਹੈ ਕਿ ਇਸ ਪੁਕਾਰ ਨੂੰ ਸੁਣਕੇ ਸਾਡੇ ਆਗੂ ਤੇ ਪੰਜਾਬੀ ਲੋਕ ਜਿਨ੍ਹਾਂ ਦੀ ਸੁਹਿਰਦਤਾ, ਬੇਪਰਵਾਹੀ ਤੇ ਖੁਲ੍ਹਦਿੱਲੀ ਦੀ ਮਿਸਾਲ ਘਟ

Digitized by Panjab Digital Library | www.panjabdigilib.org

ਵਧ ਹੀ ਕਿਤੇ ਮਿਲਦੀ ਹੈ ਜ਼ਰੂਰ ਪਸੀਜ ਪੈਣਗੇ ਤੇ ਅਪਣੇ ਭਰਮ ਜਾਲਾਂ ਤੋਂ ਮੁਕਤ ਹੋਕੇ ਇਕ ਨਿਰਪਖ ਤੇ ਗੰਭੀਰ ਦ੍ਰਿਸ਼ਟੀ ਕੋਨ ਤੋਂ ਇਸ ਗਲ ਨੂੰ ਸੋਚਣਗੇ ਤੇ ਪੰਜਾਬੀ ਮਾਂ ਨੂੰ ਗੱਲ ਲਾ ਲੈਣਗੇ ।

੧੭–੫–੧੯੫੭

ਮਹਿੰਦਰਾ ਕਾਲਜ ਪ੍ਰੋ: ਅਤਰ ਸਿੰਘ ਐਮ.ਏ.

ਪਟਿਆਲਾ ।

---

ਛਪ ਗਿਆ ! ਛਪ ਗਿਆ !! ਛਪ ਗਿਆ !!!

ਪੰਜਾਬੀ ਸਾਹਿਤ ਸਭਾ ਦੇ

ਮੈਂਬਰ ਕਹਾਣੀ ਕਾਰਾਂ ਦਾ

ਸਾਂਝਾ ਸੰਗ੍ਰਹਿ

ਚਿਣਗਾਂ

★ ਚਿਣਗਾਂ ਵਿਚਲੀਆਂ ਕਹਾਣੀਆਂ ਸਾਡੇ ਸਮਾਜ ਦੇ ਕੋਝੇ ਰੂਪ ਪ੍ਰਗਟਾਂਦੀਆਂ ਹਨ ।

★ ਚਿਣਗਾਂ ਵਿਚ ਦੇਵਤਿਆਂ ਦੀਆਂ ਕਹਾਣੀਆਂ ਨਹੀਂ, ਧਰਤੀ ਦੇ ਬੰਦਿਆਂ ਦੀਆਂ ਕਹਾਣੀਆਂ ਹਨ ।

ਅਜ ਹੀ ਚਿਣਗਾਂ ਖਰੀਦ ਕੇ ਪੰਜਾਬੀ ਸਹਿਤ ਸਭਾ ਦੀ ਸਹਾਇਤਾ ਕਰੋ ।

ਮੁਲ ੧ ਰੁਪਿਆ ੫੦ ਨਵੇਂ ਪੈਸੇ ।

ਪ੍ਰਕਾਸ਼ਕ:–

ਪੰਜਾਬੀ ਸਾਹਿਤ ਸਭਾ ਪਟਿਆਲਾ ।

Digitized by Panjab Digital Library | www.panjabdigilib.org

# ਪੰਜਾਬੀਆਂ ਦੇ ਨਾਂ ਅਪੀਲ

ਆਜ਼ਾਦ ਭਾਰਤ ਸਰਕਾਰ ਨੇ ਜਿਥੇ ਹਿੰਦੀ ਨੂੰ ਰਾਸ਼ਟਰ ਭਾਸ਼ਾ ਸਵੀਕਾਰ ਕੀਤਾ ਤੇ ਲੋਕਾਂ ਨੂੰ ਏਸ ਨੂੰ ਅਪਨਾਉਣ ਲਈ ਪਰੇਰਨਾ ਦਿਤੀ, ਉਥੇ ਭਾਰਤ ਸਰਕਾਰ ਨੇ ਹਿੰਦੁਸਤਾਨ ਦੀਆਂ ਪਰਾਂਤਕ ਬੋਲੀਆਂ ਵਿਚੋਂ ਪੰਜਾਬ ਦੀ ਪੰਜਾਬੀ ਬੋਲੀ ਨੂੰ ਪਰਵਾਨ ਹੀ ਨਹੀਂ ਕੀਤਾ ਸਗੋਂ ਪੰਜਾਬੀ ਬੋਲੀ ਦੇ ਵਿਕਾਸ ਤੇ ਉਨਤੀ ਲਈ ਕੇਂਦਰੀ ਸਰਕਾਰ ਉਸ ਵੇਲੇ ਦੀ ਪੈਪਸੂ ਤੇ ਪੰਜਾਬ ਸਰਕਾਰ, ਨੇ ਏਸ ਸ਼ੁਭ ਤੇ ਮਹਾਨ ਕੰਮ ਲਈ ਕਾਫੀ ਤੋਂ ਜ਼ਿਆਦਾ ਰਕਮ ਵੀ ਮਨਜ਼ੂਰ ਕੀਤੀ ਪਰ ਅਫਸੋਸ ਜਿਸ ਫਿਰਕਾਪਰਸਤੀ ਕਾਰਨ, ਆਪਸ ਦੀ ਫੁਟ ਕਾਰਨ ਸਾਡਾ ਮਹਾਨ ਦੇਸ਼ ਗੁਲਾਮੀ ਦੀਆਂ ਜੰਜੀਰਾਂ ਵਿਚ ਜਕੜਿਆ ਰਿਹਾ, ਉਸੇ ਨਿਕੰਮੇ ਤੇ ਤੰਗ-ਦਿਲ ਜਜ਼ਬੇ ਹੇਠ ਪੰਜਾਬ ਵਿਚ ਕੁਝ ਕੁ ਫਿਰਕਾਪਰਸਤਾਂ ਤੇ ਸਿਆਸੀ ਲੀਡਰਾਂ ਨੇ ਅਪਣੀ ਲੀਡਰੀ ਨੂੰ ਕਾਇਮ ਰਖਣ ਲਈ ਪੰਜਾਬੀ ਦੀ ਵਿਰੋਧਤਾ ਸ਼ੁਰੂ ਕਰ ਦਿਤੀ। ਏਸ ਤਰ੍ਹਾਂ ਉਨ੍ਹਾਂ ਨੇ ਨ ਕੇਵਲ ਪੰਜਾਬੀ ਦੀ ਉਨਤੀ ਵਿਚ ਹੀ ਰੁਕਾਵਟ ਪਾਈ ਸਗੋਂ ਸਾਰੇ ਪੰਜਾਬ ਦੇ ਲੋਕਾਂ ਵਿਚ ਪਾੜ ਪਾ ਦਿਤੀ।

ਪਿਆਰੇ ਪੰਜਾਬ ਦੇ ਵਾਸੀਓ! ਇਹ ਅਸਲੀਅਤ ਹੈ ਕਿ ਅਸੀਂ ਘਰਾਂ ਵਿਚ ਪੰਜਾਬੀ ਬੋਲਦੇ ਹਾਂ, ਅਪਣੇ ਅਰਮਾਨਾਂ, ਜਜ਼ਬਿਆਂ ਵਲਵਲਿਆਂ, ਸਧਰਾਂ, ਚਾਆਂ, ਰੀਝਾਂ ਗੁਸੇ, ਗਿਲੇ ਤੇ ਸ਼ਿਕਵਿਆਂ ਨੂੰ ਏਸੇ ਮਾਖਿਉਂ ਮਿੱਠੀ, ਬੋਲੀ ਵਿਚ ਪਰਗਟਾਂਦੇ ਹਾਂ ਪਰ ਫਿਰਕਾਪਰਸਤੀ ਦੇ ਅਸਰ ਹੇਠ ''ਪੰਜਾਬ ਵਿਚ ਪੰਜਾਬੀ'' ਦੇ ਨਾਂ ਤੋਂ ਕਤਰਾਂਦੇ ਹਾਂ ਜਦ ਕਿ ਸਾਡੇ ਮਹਾਨ ਨੇਤਾ, ਵਿਦਵਾਨ, ਚਿੰਤਕ ਤੇ ਆਗੂ ਇਹ ਕਹਿੰਦੇ ਆਏ ਹਨ

Digitized by Panjab Digital Library | www.panjabdigilib.org

ਤੇ ਕਹਿੰਦੇ ਹਨ ਕਿ ਮਾਦਰੀ ਬੋਲੀ ਨਾਲ ਧਰੋਹ ਅਪਣੀ ਮਾਂ ਨਾਲ ਝਗੜਾ ਕਰਨ ਤੋਂ ਘਟ ਨਹੀਂ ਹੁੰਦਾ । ਦੇਸ਼ ਪਿਤਾ ਮਹਾਤਮਾਂ ਗਾਂਧੀ ਨੇ "ਮਾਦਰੀ ਜ਼ਬਾਨ ਨਾਲ ਪਿਆਰ" ਲੇਖ ਵਿਚ ਲਿਖਿਆ ਏ:—

"No one who was indifferent to his mother tongue could claim to be a lover of his country and reminded them of the Late General Botha who, although he know English, insisted,when he went to London, upon speaking to the king in Dutch through an interpreter."

ਨੋਬਲ ਪਰਾਈਜ਼ ਜਿੱਤ ਭਾਰਤ ਦੇ ਮਾਣ ਨੂੰ ਵਧਾਉਣ ਵਾਲਾ ਜਗਤ ਪਰਸਿਧ ਸਾਹਿਤਕਾਰ ਰਾਵਿੰਦਰ ਨਾਥ ਟੈਗੋਰ ਵੀ ਕਿਹਾ ਕਰਦਾ ਸੀ ਕਿ ਅਸੀਂ ਆਪਣੇ ਹਾਵ-ਭਾਵਾਂ ਨੂੰ ਚੰਗੇਰੀ ਤੇ ਸੁਹਣੇਰੀ ਤਰ੍ਹਾਂ ਨਾਲ ਮਾਦਰੀ ਜ਼ਬਾਨ ਵਿਚ ਹੀ ਪਰਗਟਾ ਸਕਦੇ ਹਾਂ ਤੇ ਏਸ ਗਲ ਵਿਚ ਕੋਈ ਝੂਠ ਜਾਂ ਅਤਕਥਨੀ ਨਹੀਂ ।

ਦੇਸ਼ ਦੇ ਮਹਾਨ ਨੇਤਾ ਡਾ: ਰਾਜਿੰਦਰਪਰਸ਼ਾਦ, ਡਾ: ਰਾਧਾਕ੍ਰਿਸ਼ਨ ਤੇ ੩੩ ਕਰੋੜ ਦਿਲਾਂ ਦੀ ਧੜਕਣ ਪੰਡਤ ਜਵਾਹਰ ਲਾਲ ਨਹਿਰੂ ਵੀ ਜਿਥੇ ਰਾਸ਼ਟਰ ਭਾਸ਼ਾ ਦੀ ਉਨਤੀ ਲਈ ਦੇਸ਼ਵਾਸੀਆਂ ਨੂੰ ਸੰਦੇਸ਼ ਦਿੰਦੇ ਹਨ ਉਥੇ ਪਰਾਂਤਕ ਬੋਲੀਆਂ ਦੀ ਉਨਤੀ ਦੇ ਵੀ ਉਪਾਸ਼ਕ ਤੇ ਸ਼ੁਭ ਚਿੰਤਕ ਹਨ ਤਾਂ ਸਮਝ ਨਹੀਂ ਆਉਂਦੀ ਕਿ ਪੰਜਾਬੀ ਬੋਲੀ ਤੇ ਗੁਰਮੁਖੀ ਲਿਪੀ ਜਿਸ ਵਿਚ ਕਿ ਮਹਾਨ ਸਾਹਿਤ ਰਚਿਆ ਜਾ ਚੁਕਾ ਹੈ ਕਿਸ ਗਲ ਤੇ ਝਗੜਾ ਪਾਇਆ ਜਾਂਦਾ ਹੈ ਜਦ ਕਿ ਪੰਜਾਬੀ ਸਾਹਿਤ ਦੇ ਇਤਿਹਾਸ ਤੇ ਨਜ਼ਰ ਮਾਰਿਆਂ ਜਿਹੜੀ ਗਲ ਸਭ ਤੋਂ

Digitized by Panjab Digital Library | www.panjabdigilib.org

ਪਹਿਲਾਂ ਪਰਤਖ ਹੁੰਦੀ ਹੈ ਉਹ ਇਹ ਕਿ ਏਸ ਬੋਲੀ ਨੂੰ ਹਿੰਦੂਆਂ, ਮੁਸਲਮਾਨਾਂ ਤੇ ਸਿਖਾਂ ਨੇ ਰਲਕੇ ਸ਼ਿੰਗਾਰਿਆ ਏ, ਸਾਹਿਤ ਦੀ ਰਚਨਾ ਕੀਤੀ ਏ।

ਅਪਣਾ ਪੰਜਾਬ, ਕੌਮੀਅਤ, ਸਭਿਆਚਾਰ, ਭਾਈਚਾਰਾ, ਹਾਸੇ, ਰੋਣੇ, ਗਿਲੇ, ਸ਼ਿਕਵੇ, ਹੰਝੂ, ਵੈਣ, ਅਥਰੂ ਤੇ ਮਜ਼ਾਕ, ਪੰਜਾਬ ਦੀ ਆਰਥਕ, ਰਾਜਸੀ, ਧਾਰਮਕ, ਸਭਿਆਚਾਰਕ ਤੇ ਸਮਾਜਕ ਦਸ਼ਾ ਦਾ ਵਿਕਾਸ, ਪੰਜਾਂ ਪਾਣੀਆਂ ਦੀ ਧਰਤੀ ਤੇ ਮੌਸਮਾਂ, ਬਿਰਛਾਂ, ਪੰਛੀਆਂ, ਸ਼ਹਿਰਾਂ ਦਾ ਬਿਆਨ ਤੇ ਵਰਨਣ, ਪੰਜਾਬ ਦੇ ਹਸਦੇ, ਨਚਦੇ, ਖੇਡਦੇ, ਟਪਦੇ, ਜਿਊਂਦੇ, ਜਾਗਦੇ, ਮੁਸਕਰਾਂਦੇ, ਬੋਲੀਆਂ ਗਾਉਂਦੇ, ਭੰਗੜੇ ਪਾਉਂਦੇ, ਚੌੜੀਆਂ ਛਾਤੀਆਂ, ਫੜਕਦੇ, ਡੌਲੇ, ਮੌਤ ਨੂੰ ਮਖੌਲਾਂ ਕਰਨ ਵਾਲੇ ਗਾਂਝੇ ਦੇ ਛੋਟੇ ਵਡੇ ਭਰਾ ਤੇ ਪੰਜਾਬ ਦੀਆਂ ਨਾਰਾਂ, ਤ੍ਰਿੰਜਣਾਂ ਦੀਆਂ ਮੁਟਿਆਰਾਂ, ਪਿਪਲਾਂ ਤੇ ਪੀਂਘਾਂ ਝੂਟਣ ਵਾਲੀਆਂ, ਪਤਣਾਂ ਤੇ ਮਜ਼ਾਕ ਕਰਨ ਵਾਲੀਆਂ, ਜਿਨ੍ਹਾਂ ਦੀਆਂ ਗੋਲ ਗੋਲ ਬਾਹਾਂ ਲੱਸੀ ਰਿੜਕ ਕੇ, ਪੱਤਲਾ ਲੱਕ ਪੀਂਘਾਂ ਝੂਟ ਕੇ, ਹੁਸਨ ਤਾਜ਼ੀ ਤੇ ਨਰੋਈ ਹਵਾ ਮਾਣਕੇ ਬਣਿਆ ਏ, ਇਨ੍ਹਾਂ ਦਾ ਜੀਵਨ ਤੇ ਪੰਜਾਬ ਦੀ ਅਸਲੀ ਤਸਵੀਰ ਏਸ ਦੇ ਲੋਕ-ਗੀਤਾਂ ਵਿਚ ਹੈ:-

"ਘੁੰਡ ਕੱਢ ਲੇ ਪੱਤਣ ਤੇ ਖੜ੍ਹੀਏ
ਪਾਣੀਆਂ ਨੂੰ ਅੱਗ ਲਗ ਜੂ"
"ਛੋਤੀ ਛੋਤੀ ਟੋਰ ਯੱਕੇ ਨੂੰ ਯਾਰ ਦੀ ਤਰੀਖੀਂ ਜਾਣਾ
ਏਡੀ ਕਾਹਲੀ ਏਂ ਰੇਲ ਚੜ੍ਹ ਜਾ-ਮੇਰੇ ਯੱਕੇ ਨੇ ਮਟਕ ਨਾਲ ਜਾਣਾ"

ਇਨ੍ਹਾਂ ਲੋਕ-ਗੀਤਾਂ ਵਿਚੋਂ ਪਤਾ ਨਹੀਂ, ਕਿਹੜੇ ੨ ਤੇ ਕਿੰਨੇ ੨ ਮੁਸਲਮਾਨਾਂ, ਹਿੰਦੂਆਂ ਤੇ ਸਿੱਖ ਵੀਰਾਂ ਨੇ ਕੰਮ ਕਰਦਿਆਂ, ਹਲ ਵਾਹੁੰਦਿਆਂ, ਮਜ਼ਦੂਰੀ ਕਰਦਿਆਂ, ਆਪ ਮੁਹਾਰੇ ਜਜ਼ਬਿਆਂ ਨੂੰ ਪ੍ਰਗਟਾਉਣ ਲਈ ਰਚੇ ਹੋਣਗੇ।

Digitized by Panjab Digital Library | www.panjabdigilib.org

ਡਾ: ਮੋਹਨ ਸਿੰਘ ਐਮ. ਏ. ਪੀ. ਐਚ. ਡੀ. ਡੀ. ਲਿਟ ਤਾਂ ਪੰਜਾਬੀ ਸਾਹਿਤ ਦਾ ਮੁੱਢ ਹੀ ਜੋਗੀਆਂ ਤੇ ਸਿਧਾਂ (ਗੋਰਖ-ਚਰਪਟ) ਦੀਆਂ ਰਚਨਾਵਾਂ ਤੋਂ ਮੰਨਦੇ ਹਨ। ਫੇਰ ਪੰਜਾਬੀ ਦਾ ਪਹਿਲਾ ਮਹਾਨ ਕਵੀ ਸ਼ੇਖ ਫ਼ਰੀਦ ਵੀ ਇਕ ਸੂਫੀ ਮੁਸਲਮਾਨ ਹੀ ਸੀ :—

"ਗਲੀਏਂ ਚਿੱਕੜ ਦੂਰ ਘਰ ਨਾਲ ਪਿਆਰੇ ਨੇਹੁ।
ਚਲਾਂ ਤਾਂ ਭਿੱਜੇ ਕੰਬਲੀ ਰਹਾਂ ਤਾਂ ਟੁੱਟੇ ਨੇਹੁ।"

ਕੀ ਕੋਈ ਸਾਹਿਤ ਪਰੇਮੀ ਬੁਲ੍ਹੇਸ਼ਾਹ, ਸ਼ਾਹ ਹੁਸੈਨ, ਅਲੀ ਹੈਦਰ ਤੇ ਸ਼ਾਹ ਸ਼ਰਫ ਦੀਆਂ ਕਾਫੀਆਂ, ਸਾਹਿਤਕ ਰਚਨਾਵਾਂ, ਉਨ੍ਹਾਂ ਦੀ ਸਾਹਿਤ ਵਿਚ ਮਹੱਤਤਾ ਤੇ ਉਨ੍ਹਾਂ ਦੇ ਪੰਜਾਬੀ ਪ੍ਰੇਮ ਨੂੰ ਭੁਲਾ ਸਕਦਾ ਹੈ? ਵਾਰਸ ਤੋਂ ਪਹਿਲਾਂ ਜੇ ਪੰਜਾਬ ਤੋਂ ਬਾਹਰ ਪੰਜਾਬੀ ਆਮ ਲੋਕਾ ਵਿਚ ਮਸ਼ਹੂਰ ਸੀ ਤਾ ਬੁਲ੍ਹੇਸ਼ਾਹ ਦੀਆਂ ਕਾਫੀਆਂ ਕਰਕੇ। ਹਿੰਦੁਸਤਾਨ ਦੇ ਮਸ਼ਹੂਰ ਐਕਟਰ ਬਲਰਾਜ ਸਾਹਨੀ ਨੂੰ ਮਹਾਤਮਾ ਟੈਗੋਰ ਨੇ ਪੁਛਿਆ ਕਿ ਤੂੰ ਪੰਜਾਬ ਦਾ ਰਹਿਣ ਵਾਲਾ ਏਂ, ਕੁਝ ਆਪਣੀ ਬੋਲੀ ਤੇ ਉਸ ਦੇ ਸਾਹਿਤ ਬਾਰੇ ਤਾਂ ਦੱਸ ਤਾਂ ਬਲਰਾਜ ਸਾਹਨੀ ਜਿਹੜਾ ਅੱਜ ਆਪ ਵੀ ਪੰਜਾਬੀ ਵਿਚ ਲਿਖਦਾ ਹੈ ਆਮ ਲੋਕਾਂ ਵਾਂਗ ਕਹਿਣ ਲੱਗਿਆ ਕਿ ਪੰਜਾਬੀ ਵੀ ਕੋਈ ਬੋਲੀ ਏ, ਇਹ ਤੇ ਗੰਵਾਰਾਂ ਦੀ ਬੋਲੀ ਏ, ਏਸ ਵਿਚ ਸਾਹਿਤ ਕਿਥੇ, ਤਾਂ ਮਹਾਤਮਾਂ ਟੈਗੋਰ ਨੇ ਕਿਹਾ ਸੀ, ਕਿ ਤੂੰ ਉਸ ਬੋਲੀ ਨੂੰ ਗੰਵਾਰਾਂ ਦੀ ਬੋਲੀ ਆਖਦਾ ਏ, ਜਿਸ ਵਿਚ ਬੁਲ੍ਹੇਸ਼ਾਹ ਨੇ ਆਪਣੀਆਂ ਕਾਫੀਆਂ ਰਚੀਆਂ, ਗੁਰੂ ਨਾਨਕ ਨੇ ਰਚਨਾ ਕੀਤੀ।

ਏਸੇ ਤਰ੍ਹਾਂ ਪੰਜਾਬੀ ਕਵਿਤਾ ਵਿਚ ਦੁਨਿਆਵੀ ਅੰਸ਼ ਲਿਆਉਣ ਵਾਲਾ, ਕਿੱਸਾ ਸਾਹਿਤ ਦਾ ਮੋਢੀ ਵੀ ਹਿੰਦੂ ਕਵੀ ਦਾਮੋਦਰ ਸੀ। ਜਿਸ ਕਾਵਿ-ਰੂਪ ਨੂੰ ਪੀਲੂ, ਹਾਫਜ

Digitized by Panjab Digital Library | www.panjabdigilib.org

ਬਰਖੁਰਦਾਰ, ਅਹਿਮਦਯਾਰ, ਕਾਦਰ ਯਾਰ, ਹਾਸ਼ਮ ਤੇ ਪੰਜਾਬੀ ਦੇ ਸ਼ੈਕਸ਼ਪੀਅਰ ਵਾਰਸ ਤੇ ਹੋਰ ਬਹੁਤ ਸਾਰੇ ਮੁਸਲਮਾਨ ਤੇ ਹਿੰਦੂ ਕਵੀਆਂ ਨੇ ਹਰਮਨ ਪਿਆਰਾ ਬਣਾਇਆ। ਮੈਨੂੰ ਇਹ ਕਹਿਣ ਵਿਚ ਕੋਈ ਹਿਚਕਚਾਹਟ ਮਹਿਸੂਸ ਨਹੀਂ ਹੁੰਦੀ, ਕਿ ਜੇਕਰ ਕਿਸੇ ਨੇ ਪੰਜਾਬ ਦਰਸਾਉਣਾ ਹੋਵੇ ਤਾਂ ਗੁਰੂ ਸਾਹਿਬਾਨ ਦੀ ਮਹਾਨ ਦਾਰਸ਼ਨਿਕ ਤੇ ਅਦੁਤੀ ਰਚਨਾ ਗੁਰੂ ਗ੍ਰੰਥ ਸਾਹਿਬ ਤੋਂ ਪਹਿਲਾ ਨੰਬਰ ਵੀ ਵਾਰਸ ਦੀ ਹੀਰ ਨੂੰ ਹੀ ਮਿਲਦਾ ਹੈ।

ਭਗਤ ਛਜੂ, ਭਗਤ ਕਾਨ੍ਹਾ, ਬਾਬਾ ਦਿਆਲ ਦਾਸ ਬਾਬਾ ਚਤਰ ਦਾਸ, ਵਲੀ ਰਾਮ, ਹਿਰਦੇ ਰਾਮ, ਅਰਾਰਾ, ਮਟਕ ਰਾਮ ਦਿਆਲ, ਬਿਹਾਰੀ ਲਾਲ ਪੁਰੀ, ਸਰਧਾ ਰਾਮ ਫਲੌਰੀ, ਬ੍ਰਿਜ ਲਾਲ ਸ਼ਾਸਤਰੀ, ਕਰਨਲ ਭੋਲਾ ਨਾਥ, ਕਿਰਪਾ ਸਾਗਰ, ਧਨੀ ਰਾਮ ਚਾਤ੍ਰਿਕ, ਗੁਰਾਂਦਿੱਤਾ ਖੰਨਾ, ਈਸ਼ਵਰ ਚੰਦਰ ਨੰਦਾ, ਬਲਵੰਤ ਗਾਰਗੀ, ਮੁਲਕ ਰਾਜ ਕੋਮਲ, ਰੋਸ਼ਨ ਲਾਲ ਅਹੂਜਾ ਤੇ ਕੇਦਾਰ ਨਾਥ ਤਿਵਾੜੀ ਇਹ ਕੁਝ ਕੁ ਪੰਜਾਬੀ ਦੇ ਪਰਸਿਧ ਸਾਹਿਤਕਾਰਾਂ ਦੇ ਨਾਂ ਹਨ ਜਿਹੜੇ ਇਹ ਸਿਧ ਕਰਦੇ ਹਨ ਕਿ ਪੰਜਾਬੀ ਦੀ ਵਿਰੋਧਤਾ ਤਾਂ ਕੇਵਲ ਇਕ ਢਕੌਂਸਲਾ ਹੈ। ਪੰਜਾਬ ਦੇ ਹਿੰਦੂ ਤੇ ਮੁਸਲਮਾਨ ਸਿਖਾਂ ਦੇ ਪੈਦਾ ਹੋਣ ਤੋਂ ਪਹਿਲਾਂ ਵੀ ਪੀੜ੍ਹੀ ਦਰ ਪੀੜ੍ਹੀ ਅਪਣੀ ਮਾਦਰੀ ਬੋਲੀ ਪੰਜਾਬੀ ਦੀ ਸੇਵਾ ਕਰਦੇ ਆਏ ਹਨ, ਕਰ ਰਹੇ ਹਨ ਤੇ ਕਰਦੇ ਰਹਿਣਗੇ ਕਿਉਂਕਿ ਇਕ ਚੇਤਨ ਸਾਹਿਤਕਾਰ ਭਾਵੇਂ ਉਹ ਕਿਸੇ ਵੀ ਧਰਮ ਦਾ ਕਿਉਂ ਨ ਹੋਵੇ ਅਪਣੀ ਰਚਨਾ ਅਪਣੀ ਬੋਲੀ ਵਿਚ ਹੀ ਕਰਿਆ ਕਰਦਾ ਹੈ, ਕਿਉਂਕਿ ਹੋਰ ਕਿਸੇ ਬੋਲੀ ਵਿਚ ਉਹ ਉਹ ਕੁਝ ਕਦੇ ਵੀ ਨਹੀਂ ਪਰਗਟਾ ਸਕਦਾ ਜਿਹੜਾ ਕੁਝ ਕਿ ਉਹ ਅਪਣੇ ਦਿਲ ਵਿਚ ਮਹਿਸੂਸ ਕਰਦਾ ਹੈ। ਅਪਣਾ ਹੂ-ਬ-ਹੂ ਪਰਗਟਾਉਣ ਲਈ ਸਦਾ ਅਪਣੀ ਬੋਲੀ ਦੀ ਹੀ ਸ਼ਰਨ ਲੈਣੀ ਪੈਂਦੀ ਹੈ।

Digitized by Panjab Digital Library | www.panjabdigilib.org

ਪਰਸਿਧ ਕਵੀ ਲਾਲਾ ਧਨੀ ਰਾਮ ਚਾਤ੍ਰਿਕ ਤੇ ਪੰਡਤ ਕੇਦਾਰ ਨਾਥ ਤਿਵਾੜੀ ਤਾਂ ਪੰਜਾਬੀ ਬੋਲੀ ਨੂੰ ਅਪਣੀ 'ਜਾਨ' ਤੇ 'ਮਾਂ' ਦੀ ਉਪਮਾਂ ਦਿੰਦੇ ਹਨ :—

"ਇਹੋ ਜਿੰਦ ਜਾਨ ਸਾਡੀ, ਮੋਤੀਆਂ ਦੀ ਖਾਨ ਸਾਡੀ ।
ਹਥੋਂ ਨਹੀਂ ਗਵਾਉਣੀ, ਬੋਲੀ ਹੈ ਪੰਜਾਬੀ ਸਾਡੀ ।"
(ਚਾਤ੍ਰਿਕ)

"ਸਾਡੀ ਮਾਂ ਪੰਜਾਬੀ ਬੋਲੀ, ਸਿਧੀ ਸਾਦੀ ਆਲੀ ਭੋਲੀ ।
ਮਿਠੀ ਜਿਉਂ ਦੁਧ ਮਿਸਰੀ ਘੋਲੀ ਸਾਨੂੰ ਚੰਗੀ ਮੰਦੀ ਚੰਗੀ ।
ਮਾਂ ਨੂੰ ਮਾਂ ਕਹਿਣੋ ਨਾ ਸੰਗੀ ।" (ਤਿਵਾੜੀ)

ਪੰਜਾਂ ਪਾਣੀਆਂ ਦੀ ਧਰਤੀ ਵੰਡੀ ਗਈ, ਲੋਕ ਘਰੋਂ ਬੇਘਰ ਹੋ ਗਏ, ਜਾਇਦਾਦਾਂ ਲੁਟੀਆਂ ਗਈਆਂ, ਮਾਵਾਂ ਦੇ ਲਾਡਲਿਆਂ ਨੂੰ ਉਨ੍ਹਾਂ ਦੀਆਂ ਅਖਾਂ ਦੇ ਸਾਹਮਣੇ ਤਪਦੇ ਤੇਲ ਦੇ ਕੜਾਹਿਆਂ ਵਿਚ ਸਾੜਿਆ ਗਿਆ, ਮਾਵਾਂ, ਭੈਣਾਂ ਤੇ ਪਤਨੀਆਂ ਦੀਆਂ ਅਸਮਤਾਂ ਲੁਟੀਆਂ ਗਈਆਂ, ਨੰਗੇ ਨਾਚ ਕਰਵਾਏ ਗਏ ਖੂਨ ਦੀਆਂ ਨਦੀਆਂ ਵਗੀਆਂ, ਸਭ ਕੁਝ ਹੋਇਆ ਪਰ ਮੈਨੂੰ ਇਹ ਲਿਖਦਿਆਂ ਜਿਥੇ ਖੁਸ਼ੀ ਮਹਿਸੂਸ ਹੁੰਦੀ ਏ ਕਿ ਹੁਣ ਵੀ ਪਾਕਿਸਤਾਨ ਵਿਚ ਮੁਸਲਮਾਨ ਲਿਖਾਰੀ ਸੁਰਗਵਾਸੀ ਫੀਰੋਜ਼ਦੀਨ ਸ਼ਰਫ, ਜੋਸ਼ੂਆ ਫਜ਼ਲ ਦੀਨ, ਡਾ: ਫ਼ਕੀਰ ਮੁਹੰਮਦ ਫ਼ਕੀਰ, ਅਬਦੁਲ ਮਜੀਦ ਭੱਟੀ, ਅਫਜ਼ੁਲ ਪਰਵੇਜ਼, ਅਲਾ ਦਿੱਤਾ ਸਾਬਰ ਆਦਿ ਪੰਜਾਬੀ ਬੋਲੀ ਵਿਚ ਲਿਖਦੇ ਰਹੇ ਹਨ, ਲਿਖ ਰਹੇ ਹਨ, ਪੰਜਾਬੀ ਸਾਹਿਤ ਦੇ ਖਜਾਨੇ ਨੂੰ ਵਧਾ ਰਹੇ ਹਨ, ਕਵੀ ਦਰਬਾਰਾਂ ਵਿਚ ਇਕਠਿਆਂ ਹੋ ਹਿੰਦੁਸਤਾਨ ਤੇ ਪਾਕਿਸਤਾਨ ਦੇ ਸੰਬੰਧਾਂ ਨੂੰ ਚੰਗੇਰਾ ਬਣਾ ਰਹੇ ਹਨ । ਉਨ੍ਹਾਂ ਦੇ ਏਸ ਰਵਈਏ ਨੂੰ ਵੇਖ ਕੇ ਤੇ ਅਪਣੇ ਭਰਾਵਾਂ ਵਲੋਂ ਪੰਜਾਬੀ ਦੀ ਵਿਰੋਧਤਾ ਵੇਖ ਮੇਰਾ ਸਿਰ ਸ਼ਰਮ ਨਾਲ

Digitized by Panjab Digital Library | www.panjabdigilib.org

ਝੁਕ ਜਾਂਦਾ ਹੈ ਤੇ ਮੈਂ ਮਹਿਸੂਸ ਕਰਦਾ ਹਾਂ ਕਿ ਪੰਜਾਬੀ ਦੀ ਵਿਰੋਧਤਾ ਨ ਕੇਵਲ ਪੰਜਾਬੀ ਨੂੰ ਹੀ ਨੁਕਸਾਨ ਪੁਚਾ ਰਹੀ ਏ, ਸਗੋਂ ਪੰਜਾਬ ਦੀ ਸਮਾਜਕ, ਰਾਜਸੀ, ਸਭਿਆਚਾਰਕ ਤੇ ਆਰਥਕ ਉਨਤੀ ਨੂੰ ਵੀ ਵਧਣ ਫੁਲਣ ਤੋਂ ਰੋਕ ਰਹੀ ਏ।

ਬੋਲੀ ਦਾ ਸੰਬੰਧ ਕਦੇ ਵੀ ਕਿਸੇ ਧਰਮ, ਫਿਰਕੇ ਜਾਂ ਜ਼ਾਤੀ ਨਾਲ ਨਹੀਂ ਹੁੰਦਾ। ਬੋਲੀ ਸਾਰਿਆਂ ਦਾ ਕੀਮਤੀ ਵਿਰਸਾ ਹੈ ਤੇ ਪਿਓ ਦਾਦੇ ਦੇ ਖਜ਼ਾਨੇ ਤੋਂ ਮੁਨਕਰ ਹੋਣਾ ਉਤਨਾ ਹੀ ਵਡਾ ਗੁਨਾਹ ਹੈ ਜਿਤਨਾ ਵਡਾ ਕਿ ਅਪਣੀ ਮਾਂ ਨੂੰ ਮਾਂ ਮੰਨਣ ਤੋਂ ਇਨਕਾਰੀ ਹੋਣਾ।

ਏਸ ਤਰ੍ਹਾਂ ਨਾਲ ਪੰਜਾਬੀ ਤਾਂ ਪੰਜਾਬ ਵਾਸੀਆਂ ਦੀ ਸਾਂਝੀ ਬੋਲੀ ਹੈ ਜਿਸ ਨੂੰ ਸਾਰਿਆਂ ਇਕਠਿਆਂ ਰਲ ਪਾਲਿਆ ਪੋਸਿਆ, ਜਵਾਨ ਕੀਤਾ ਏ ਤੇ ਦੂਜੀਆਂ ਬੋਲੀਆਂ ਦੇ ਮੁਕਾਬਲੇ ਤੇ ਲਿਆਂਦਾ ਏ।

ਰਿਹਾ ਸਵਾਲ ਲਿਪੀ ਦਾ, ਉਂਜ ਤੇ ਝਗੜੇ ਵਾਲੀ ਕੋਈ ਗਲ ਹੀ ਨਹੀਂ ਕਿਉਂ ਜੋ ਪੰਜਾਬੀ ਸਾਹਿਤ ਕਾਫੀ ਦੇਰ ਤੋਂ ਬਿਨਾਂ ਕਿਸੇ ਐਕੜ ਤੋਂ ਗੁਰਮੁਖੀ ਅਖਰਾਂ ਵਿਚ ਲਿਖਿਆ ਜਾ ਰਿਹਾ ਏ, ਬਗੈਰ ਕਿਸੇ ਗਲਤੀ ਜਾਂ ਘਾਟੇ ਤੋਂ ਕਿਉਂ ਜੋ ਗੁਰਮੁਖੀ ਇਕ ਫੁਨੈਟਿਕ ਲਿਪੀ ਹੈ, ਜਿਸ ਵਿਚ ਇਕ ਅਵਾਜ਼ ਲਈ ਇਕੋ ਅੱਖਰ ਹੈ, ਦੋਹਰ ਨਹੀਂ। ਚੰਗੀ ਲਿਪੀ ਵਾਂਗ ਗੁਰਮੁਖੀ ਲਿਪੀ ਦਾ ਹਰ ਅਖਰ ਇਕ ਦੂਜੇ ਤੋਂ ਬਿਲਕੁਲ ਨਿਆਰੀ ਸ਼ਕਲ ਦਾ ਹੈ, ਕੋਈ ਭੁਲੇਖਾ ਨਹੀਂ। ਭਾਰਤ ਦੀਆਂ ਹੋਰ ਲਿਪੀਆਂ ਵਾਂਗ ਇਸ ਦੀ ਵਰਣ ਮਾਲਾ ਦੀ ਤਰਤੀਬ ਵੀ ਵਿਗਿਆਨਕ ਹੈ। ਅਖਰਾਂ ਦੀ ਇਕਸਾਰਤਾ, ਪਧਰਾਈ ਤੇ ਸੁੰਦਰਤਾ ਵਿਚ ਵੀ ਗੁਰਮੁਖੀ ਬੇਮਿਸਾਲ ਹੈ। ਏਸ ਕਰਕੇ ਏਸ ਦਾ ਟਾਈਪ ਵੀ ਦੇਵਨਾਗਰੀ ਨਾਲੋਂ ਸੁੰਦਰ ਹੈ। ਚੰਗੀ ਲਿਪੀ

Digitized by Panjab Digital Library | www.panjabdigilib.org

ਦਾ ਇਕ ਲਛਣ ਦਸਿਆ ਜਾਂਦਾ ਹੈ ਕਿ ਸਰਲ-ਸੌਖੀ ਤੇ ਗੁੰਝਲ ਰਹਿਤ ਹੋਵੇ, ਗੁਰਮੁਖੀ ਅਪਣੇ ਲੋਕਾਂ ਵਾਂਗ ਸਿਧੀ ਪਧਰੀ ਥੋੜੀ ਮੇਹਨਤ, ਥੋੜੇ ਸਮੇਂ ਵਿਚ ਆਸਾਨੀ ਨਾਲ ਲਿਖੀ ਜਾਣ ਵਾਲੀ ਹੈ। ਸ੍ਰੀ ਮਦਨ ਗੋਪਾਲ ਜੀ ਨੇ ਏਸ ਨੁਕਤੇ ਤੋਂ ਗੁਰਮੁਖੀ ਨੂੰ ਹਿੰਦ ਭਰ ਦੀਆਂ ਲਿਪੀਆਂ ਵਿਚੋਂ ਸਭ ਤੋਂ ਵਧ ਆਸਾਨ ਆਖਿਆ ਹੈ।

ਈ. ਪੀ. ਨਿਊਟਨ ਦਾ ਖਿਆਲ ਹੈ:-

"The language which is spoken with some variation' throughout the Panjab, and hence called Punjabi, is usually written in what is known as the 'Gurmukhi Character'. It will be seen, that the arrangement of letters here is more systematic than that of the English Alphabet."

(ਪੰਜਾਬੀ ਗਰਾਮਰ)

ਪ੍ਰੋ: ਦੁਨੀ ਚੰਦ ਨੇ ਆਪਣੀ ਪੁਸਤਕ 'ਪੰਜਾਬੀ ਔਰ ਹਿੰਦੀ ਕਾ ਭਾਸ਼ਾ ਵਿਗਿਆਨ' ਵਿਚ ਲਿਖਿਆ ਹੈ:-

"ਪੰਜਾਬੀ ਜਿਆਦਾ ਗੁਰਮੁਖੀ ਲਿਪੀ ਵਿਚ ਹੀ ਲਿਖੀ ਜਾਂਦੀ ਹੈ। ਗੁਰਮੁਖੀ ਲਿਪੀ ਵਿਚ ਹਿੰਦੀ, ਗਜਸਥਾਨੀ ਤੇ ਫਾਰਸੀ ਆਦਿ ਵੀ ਲਿਖੀਆਂ ਮਿਲਦੀਆਂ ਹਨ। ਜਿਵੇਂ ਰੋਮਨ ਲਿਪੀ ਵਿਚ ਅੰਗ੍ਰੇਜ਼ੀ ਤੋਂ ਇਲਾਵਾ ਯੂਰਪ ਦੀਆਂ ਹੋਰ ਬਹੁਤ ਸਾਰੀਆਂ ਬੋਲੀਆਂ ਵੀ ਲਿਖੀਆਂ ਜਾਂਦੀਆਂ ਹਨ।"

ਸੁਹਣੇ ਪੰਜਾਬ ਦੇ ਸਿਆਣੇ ਵਾਸੀਓ! ਹੋਰ ਗਲਾਂ ਤੋਂ ਇਲਾਵਾ ਏਸ ਗਲ ਦਾ ਸਾਨੂੰ ਜਰੂਰ ਖਿਆਲ ਰਖਣਾ ਚਾਹੀਦਾ ਹੈ, ਕਿ ਜੇਕਰ ਕਿਸੇ ਜਜਬੇ ਦੇ ਹੇਠ ਅਸੀਂ ਗੁਰਮੁਖੀ

Digitized by Panjab Digital Library | www.panjabdigilib.org

ਲਿਪੀ ਨੂੰ ਬਦਲ ਵੀ ਦਈਏ ਤਾਂ ਪੰਜਾਬੀ ਸਾਹਿਤ (ਗੁਰਮੁਖੀ ਅੱਖਰਾਂ ਵਾਲੇ ਦਾ) ਉਹੋ ਹਾਲ ਹੋਵੇਗਾ ਜਿਹੜਾ ਕਿ ਅੱਜ ਪੰਜਾਬੀ ਸਾਹਿਤ (ਫਾਰਸੀ ਅੱਖਰਾਂ ਵਾਲੇ) ਦਾ ਹੈ। ਜਿਸ ਤਰ੍ਹਾਂ ਅਜ ਕਲ੍ਹ ਬਹੁਤ ਘਟ ਲੋਕੀ ਪੰਜਾਬੀ ਸਾਹਿਤ ਨੂੰ ਫਾਰਸੀ ਅੱਖਰਾਂ ਵਿਚ ਪੜ੍ਹਦੇ ਹਨ, ਬਿਲਕੁਲ ਇਹੋ ਹਾਲ ਏਸ ਮਹਾਨ ਸਾਹਿਤ (ਕਵਿਤਾ, ਵਾਰਤਕ, ਨਾਵਲ, ਕਹਾਣੀ, ਨਾਟਕ, ਤੇ ਪੜਚੋਲ) ਦਾ ਹੋਵੇਗਾ। ਆਮ ਲੋਕੀ ਪੰਜ਼ਾਬ ਦੇ ਕਈ ਸੌ ਸਾਲ ਦੇ ਦਿਮਾਗੀ ਨਿਚੋੜ ਤੋਂ ਲਾਭ ਨਹੀਂ ਉਠਾ ਸਕਣਗੇ

ਜਿਹੜੇ ਲੋਕੀ ਇਹ ਕਹਿੰਦੇ ਹਨ ਕਿ ਗੁਰਮੁਖੀ ਲਿਪੀ ਵਿਚ ਪੰਜਾਬੀ ਪੜ੍ਹਿਆਂ ਉਨ੍ਹਾਂ ਦੇ ਬੱਚੇ ਸਿੱਖ ਧਰਮ ਦੇ ਪਰਭਾਵ ਹੇਠਾਂ ਚਲੇ ਜਾਣਗੇ, ਮੈਂ ਉਹਨਾਂ ਨੂੰ ਇਹ ਗੱਲ ਬੜੇ ਜੋਰਦਾਰ ਸ਼ਬਦਾਂ ਵਿਚ ਕਹਿਣੀ ਚਾਹੁੰਦਾ ਹਾਂ ਕਿ ਮੈਂ ਪਹਿਲੀ ਜਮਾਤ ਤੋਂ ਲੈਕੇ ਐਮ. ਏ. ਤੱਕ ਪੰਜਾਬੀ (ਗੁਰਮੁਖੀ ਲਿਪੀ) ਵਿਚ ਪੜ੍ਹੀ ਹੈ. ਏਸੇ ਨੂੰ ਆਪਣੇ ਹਾਵ-ਭਾਵਾਂ ਨੂੰ ਪਰਗਟਾਉਣ ਲਈ ਅਪਣਾਇਆ ਏ, ਏਸੇ ਵਿਚ ਆਪਣੇ ਸਾਧਾਰਨ ਤੇ ਮਾਮੂਲੀ ਜਿਹੇ ਖਿਆਲਾਂ ਨੂੰ ਦਰਸਾਉਣ ਦਾ ਜਤਨ ਕਰਦਾ ਹਾਂ, ਕਹਾਣੀਆਂ, ਕਵਿਤਾਵਾਂ ਦੀ ਰਚਨਾ ਵੀ ਏਸੇ ਵਿਚ ਕਰਦਾ ਹਾਂ। ਮੇਰੇ ਦਿਲ ਵਿਚ ਸਿੱਖ ਗੁਰੂ ਸਾਹਿਬਾਨ ਲਈ ਜਿਥੇ ਪੂਰਾ ਦਿਲੀ ਸਤਿਕਾਰ ਹੈ ਉਥੇ ਮੇਰਾ ਨਿਸਚਾ ਹਿੰਦੂ ਧਰਮ ਵਿਚ ਉਨਾਂ ਹੀ ਦ੍ਰਿੜ੍ਹ ਤੇ ਪਰਪੱਕ ਹੈ ਜਿਨ੍ਹਾਂ ਕਿਸੇ ਹੋਰ ਚੰਗੇ ਹਿੰਦੂ ਦਾ। ਭਾਵੇਂ ਮੈਂ ਹਿੰਦੀ ਦਾ ਪਰਭਾਕਰ ਦਾ ਇਮਤਿ-ਵੀ ਪਾਸ ਕੀਤਾ ਤੇ ਅੱਜ ਕਲ ਐਮ. ਏ. ਹਿੰਦੀ ਦਾ ਵਿਦਿਆ-ਰਥੀ ਵੀ ਹਾਂ ਪਰ ਸਚ ਕਹਿੰਦਾ ਹਾਂ ਕਿ ਮੈਂ ਜਦ ਕਦੇ ਕਿਸੇ ਨੂੰ ਆਪਣਾ ਦਿਲ, ਦਿਲ ਦੀਆਂ ਡੂੰਘੀਆਂ ਤੈਹਾਂ ਤੇ ਝਾਤੀ ਪੁਵਾਉਣੀ ਹੁੰਦੀ ਏ ਤਾਂ ਪੰਜਾਬੀ ਹੀ ਮੇਰੇ ਮੂੰਹੋਂ ਨਿਕਲਦੀ ਏ।

Digitized by Panjab Digital Library | www.panjabdigilib.org

ਮਾਂ ਦੇ ਦੁਧ ਨਾਲ ਸਿਖੀ ਬੋਲੀ ਵਿਚ ਮੈਂ ਆਪਣਾ ਆਪਾ ਆਪਣਾ ਅੰਦਰ ਵੀ ਬੜੇ ਸੁਹਣੇ, ਰੋਚਕ, ਦਿਲਖਿਚਵੇਂ ਸ਼ਬਦਾਂ ਵਿਚ ਪਰਗਟ ਕਰ ਸਕਦਾ ਹਾਂ। ਉਰਦੂ, ਫਾਰਸੀ, ਸੰਸਕ੍ਰਿਤ ਤੇ ਅੰਗਰੇਜ਼ੀ ਨਾਲ ਵੀ ਮੈਨੂੰ ਉਨਾ ਹੀ ਪਿਆਰ ਹੈ ਪਰ ਅਪਣੀ ਛੋਟੀ ਜਿਹੀ ਉਮਰ ਦੇ ਤਜਰਬੇ ਤੋਂ ਮੈਂ ਇਹ ਗਲ ਦਸਣੀ ਚਾਹਾਂਗਾ ਕਿ ਆਮ ਲੋਕਾਂ ਦਾ ਇਹ ਖਿਆਲ ਕਿ ਪੰਜਾਬੀ ਬੋਲੀ ਉਹਨਾਂ ਦੇ ਬਚਿਆਂ ਲਈ ਇਕ ਵਾਧੂ ਭਾਰ ਹੋਵੇਗੀ, ਉਹ ਇਹ ਭੁਲਦੇ ਹਨ ਕਿ ਉਨ੍ਹਾਂ ਦੇ ਬਚਿਆਂ ਦੀ ਬੌਧਿਕ ਉਨਤੀ ਤੇ ਵਿਕਾਸ ਕੇਵਲ ਉਹਨਾਂ ਦੀ ਆਪਣੀ ਬੋਲੀ ਰਾਹੀਂ ਹੀ ਸੰਭਵ ਹੈ।

ਬਜ਼ੁਰਗੋ ਤੇ ਨੌਜਵਾਨੋ ! ਪੰਜਾਬੀ ਪੰਜਾਬ ਤੇ ਪੰਜਾਬ ਵਾਸੀਆਂ ਦੀ ਬਦਕਿਸਮਤੀ ਏ ਕਿ ਉਹ ਪੰਜਾਬ ਦੇ ਸਾਂਝੇ ਵਿਰਸੇ ਤੇ ਵੀ ਝਗੜਾ ਪਾਉਣ ਦੀ ਕੋਸ਼ਸ਼ ਕਰ ਰਹੇ ਹਨ। ਆਪਣੇ ਆਪ ਨੂੰ ਦੂਜਿਆਂ ਦੀਆਂ ਨਜ਼ਰਾਂ ਵਿਚ ਗਿਰਾ ਰਹੇ ਹਨ। ਅਜ ਤੀਕ ਮੈਂ ਇਹ ਤਾਂ ਪੜ੍ਹਿਆ ਸੀ, ਸੁਣਿਆ ਸੀ ਕਿ ਬੰਗਾਲ ਦੇ ਨੌਜਵਾਨਾਂ ਨੇ ਬੰਗਾਲੀ ਦੀ ਰਖਿਆ ਲਈ ਕੁਰਬਾਨ ਹੋਣਾ ਵੀ ਸਵੀਕਾਰ ਕੀਤਾ। ਪਰਾਂਤਕ ਬੋਲੀਆਂ ਦੀ ਉਨਤੀ ਲਈ ਹਰ ਔਕੜ ਤੇ ਮੁਸ਼ਕਲ ਦਾ ਸਾਹਮਣਾ ਕੀਤਾ ਪਰ ਇਹ ਸਾਡੇ ਪੰਜਾਬ ਦੀ ਹੀ ਬਦਕਿਸਮਤੀ ਏ ਕਿ ਇਥੋਂ ਦੇ ਕੀਮਤੀ ਖਜ਼ਾਨੇ ਨੂੰ ਤੰਗ-ਦਿਲੀ, ਮਜ਼ਬੀ ਕਟਰਤਾ ਦੀ ਐਨਕ ਵਿਚੋਂ ਵੇਖਣ ਦੀ ਕੋਸ਼ਸ਼ ਕੀਤੀ ਜਾ ਰਹੀ ਏ।

ਦੋਸਤੋ! ਭਾਰਤ ਆਪਣੀ ਉਨਤੀ ਦੇ ਰਾਹਾਂ ਤੇ ਹੈ। ਸੂਬੇ ਪੰਜ ਸਾਲਾ ਯੋਜਨਾਵਾਂ ਦੀ ਸਫਲਤਾ ਲਈ ਦਿਨ ਰਾਤ ਇਕ ਕਰ ਰਹੇ ਹਨ ਉਥੇ ਅਸੀ ਲੜਨ ਝਗੜਣ ਤੇ ਮੋਰਚੇ ਲਾਉਣ ਦੀ ਸੋਚ ਰਹੇ ਹਾਂ। ਮੈਂ ਪੰਜਾਬੀਆਂ ਤੇ ਵਿਸ਼ੇਸ਼ ਤੋਰ

Digitized by Panjab Digital Library | www.panjabdigilib.org

ਤੇ ਪੰਜਾਬ ਦੇ ਹਿੰਦੂਆਂ ਅਗੇ ਅਪੀਲ ਕਰਾਂਗਾ ਕਿ ਉਹ ਆਪਣੀ ਮਾਤ-ਬੋਲੀ ਨਾਲ ਮਤਰੇਈਆਂ ਵਾਲਾ ਸਲੂਕ ਨਾ ਕਰਨ। ਓਥੇ ਆਪਣੇ ਸਿਖ ਵੀਰਾਂ ਅਗੇ ਪ੍ਰਾਰਥਨਾ ਕਰਾਂਗਾ ਕਿ ਉਹ ਵੀ ਪੰਜਾਬੀ ਨੂੰ ਆਪਣੀ ਧਾਰਮਕ ਮਲਕੀਅਤ ਨ ਸਮਝਣ। ਪੰਜਾਬੀ ਸਾਡੀ ਸਾਰਿਆਂ ਦੀ ਸਾਂਝੀ ਬੋਲੀ ਹੈ ਇਸ ਦੀ ਉਨਤੀ ਵਿਚ ਸਾਡੀ ਸਾਰਿਆਂ ਦੀ ਉਨਤੀ ਹੈ, ਤੇ ਏਸ ਦੀ ਗਿਰਾਵਟ ਲਈ ਕੀਤੀ ਗਈ ਹਰ ਕੋਸ਼ਸ਼ ਸਾਡੇ ਮਥੇ ਤੇ ਕਲੰਕ ਹੋਵੇਗੀ, ਜਿਸ ਨੂੰ ਅਸੀ ਕਈ ਸਦੀਆਂ ਨਹੀਂ ਧੋ ਸਕਾਂਗੇ।

ਪੰਜਾਬ-ਵਾਸੀਓ! ਸਿਆਸੀ ਲੀਡਰਾਂ ਦੀਆਂ ਗਲਾਂ ਵਿਚ ਨ ਆਓ। ਇਨ੍ਹਾਂ ਦੇ ਨਾਲ ਰਹਿਣ ਦਾ, ਇਨਾਂ ਨੂੰ ਘੋਖਣ ਦਾ ਪਰਖਣ ਦਾ ਜਿਹੜਾ ਥੋੜਾ ਜਿਹਾ ਅਵਸਰ ਮੈਨੂੰ ਮਿਲਿਆ ਹੈ, ਉਸ ਤਜਰਬੇ ਦੀ ਬਿਨਾਂ ਤੇ ਇਹ ਗਲ ਆਖ ਸਕਦਾ ਹਾਂ ਕਿ ਇਨ੍ਹਾਂ ਸਿਆਸੀ ਲੀਡਰਾਂ ਵਿਚੋਂ ਨ ਕਿਸੇ ਨੂੰ ਹਿੰਦੀ ਨਾਲ ਦਿਲਚਸਪੀ ਹੈ ਤੇ ਨਾਹੀ ਪੰਜਾਬੀ ਨਾਲ। ਇਨ੍ਹਾਂ ਨੂੰ ਆਪਣੀਆਂ ਕੁਰਸੀਆਂ, ਲੀਡਰੀਆਂ ਤੇ ਲਾਭਾਂ ਦਾ ਫਿਕਰ ਹੈ। ਅੰਗਰੇਜ਼ ਭਾਵੇਂ ਇਥੋਂ ਚਲਾ ਗਿਆ ਏ ਪਰ ਉਸ ਦੀ ਬਖਸ਼ੀ ਹੋਈ ਬਿਮਾਰੀ (ਫੁਟ ਪਾਓ ਰਾਜ ਕਰੋ, ਆਪਣੇ ਆਪ ਨੂੰ ਅਗੇ ਲਿਆਓ, ਚਮਕਾਓ) ਤੋਂ ਅਸੀਂ ਪਿਛਾ ਨਹੀਂ ਛੁਡਾ ਸਕੇ। ਮੇਰੇ ਪੰਜਾਬੀ ਵੀਰੋ! ਹਿੰਦੀ ਦੇ ਲਈ ਸਭ ਤੋਂ ਜਿਆਦਾ ਗਰਜਣ ਵਾਲੇ ਸ੍ਰੀ ਕ੍ਰਿਸ਼ਨ ਜੀ ਵੀ ਆਪਣਾ ਅਖਬਾਰ ਹਿੰਦੀ ਵਿਚ ਨਹੀਂ ਉਰਦੂ ਵਿਚ ਛਾਪਦੇ ਹਨ ਤੇ ਪੰਜਾਬੀ ਦੇ ਰਖਿਅਕ ਹੋਣ ਦਾ ਨਾਹਰਾ ਲਾਉਣ ਵਾਲਾ ਪਰਭਾਤ ਅਖਬਾਰ ਵੀ ਉਰਦੂ ਅਖਰਾਂ ਵਿਚ ਹੀ ਛਪਦਾ ਹੈ। ਇਨ੍ਹਾਂ ਸਿਆਸੀ ਢਕੌਂਸਲੇ ਬਾਜ਼ਾਂ ਤੋਂ ਸਾਨੂੰ ਬਚਣਾ

Digitized by Panjab Digital Library | www.panjabdigilib.org

ਚਾਹੀਦਾ ਹੈ ਇਨ੍ਹਾਂ ਦੀਆਂ ਗਲਾਂ ਵਿਚ ਸਾਨੂੰ ਨਹੀਂ ਆਉਣਾ ਚਾਹੀਦਾ।

ਜਿਥੇ ਮੈਂ ਪੰਜਾਬ ਦੀ ਆਮ ਜਨਤਾ ਨੂੰ ਪੰਜਾਬੀ ਅਪਨਾਉਣ ਲਈ ਅਪੀਲ ਕਰਦਾ ਹਾਂ ਉਥੇ ਇਕ ਬੇਨਤੀ ਮੇਰੀ ਆਪਣੇ ਸਾਹਿਤਕਾਰ ਵੀਰਾਂ ਅਗੇ ਵੀ ਹੈ ਕਿ ਉਹ ਆਪਣੀ ਕਲਮ ਨੂੰ ਪੰਜਾਬੀ, ਤੇ ਪੰਜ਼ਾਬ ਦੀ ਸਲਾਮਤੀ ਲਈ ਹਰਕਤ ਵਿਚ ਲਿਆਉਣ। ਇਹ ਠੀਕ ਹੈ ਕਿ ਪੰਜਾਬੀ ਸਾਹਿਤਕਾਰ ਪੰਜਾਬੀਆਂ ਦੀਆਂ ਔਕੜਾਂ, ਮੁਸ਼ਕਲਾਂ, ਸਮਸਿਆਵਾਂ ਨੂੰ ਪਰਗਟਾ ਉਨ੍ਹਾਂ ਦੇ ਹੱਲ ਏਸ ਜੀਵਨ ਨੂੰ ਹੋਰ ਚੰਗੇਰਾ ਤੇ ਸੁਹਣੇਰਾ ਬਣਾਉਣ ਦੇ ਜਤਨ ਵਿਚ ਹਨ ਪਰ ਉਨ੍ਹਾਂ ਨੂੰ ਏਸ ਪਾਸੇ ਵੀ ਉਦਮ ਕਰਨਾ ਚਾਹੀਦਾ ਹੈ। ਅਸੀ ਜੇਕਰ ਪੰਜਾਬੀ ਨੂੰ ਫਿਰਕਾਪਰਸਤੀ ਦੀ ਹਨੇਰੀ ਤੋਂ ਬਚਾ ਲਿਆ ਤਾਂ ਸਾਡੀ ਇਹੋ ਸੇਵਾ ਪੰਜਾਬੀ ਲਈ ਅਦੁਤੀ ਹੋਵੇਗੀ। ਕਾਸ਼ ਮੈਂ ਕੁਰਬਾਨ ਹੋ ਕੇ ਵੀ ਪੰਜਾਬੀ ਨੂੰ ਏਸ ਤੂਫਾਨ ਤੋਂ ਬਚਾ ਸਕਾਂ।

ਪੰਜਾਬ ਦੇ ਐਡੀਟਰਾਂ, ਪਬਲਿਸ਼ਰਾਂ ਤੇ ਮਹਾਨ ਸਾਹਿਤਕਾਰਾਂ ਅਗੇ ਮੇਰੀ ਨਿਮਰ ਬੇਨਤੀ ਏ ਕਿ ਉਹ ਉਭਰ ਰਹੇ, ਪੁੰਗਰ ਰਹੇ, ਉਤਸ਼ਾਹ ਭਰਪੂਰ ਨੌਜਵਾਨ ਲਿਖਾਰੀਆਂ ਨੂੰ ਹੌਂਸਲਾ ਦੇਣ। ਪੰਜਾਬੀ ਵਿਚ ਲਿਖਣ ਲਈ ਪਰੇਰਨ ਤਾਂ ਪੰਜਾਬੀ ਸਦਾ ਉਨਤੀ ਕਰੇਗੀ। ਗਗਨਾ ਨੂੰ ਛੂਹੰਦੀ. ਰਾਸ਼ਟਰੀ ਤੇ ਅੰਤਰ ਰਾਸ਼ਟਰੀ ਬੋਲੀਆਂ ਵਿਚ ਅਪਣੀ ਥਾਂ ਬਣਾਵੇਗੀ ਓਥੇ ਅੰਤ ਵਿਚ ਮੈਂ ਸਾਰੇ ਪੰਜਾਬੀ ਵੀਰਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਉਹ ਪੰਜਾਬੀ ਦਾ ਮੁਕਾਬਲਾ ਕਿਸੇ ਹੋਰ ਬੋਲੀ ਨਾਲ ਨ ਕਰਿਆ ਕਰਨ। ਦੂਜੀਆਂ ਬੋਲੀਆਂ ਦੀ ਉਨਤੀ ਨੂੰ ਵੇਖ ਆਪਣੀ ਬੋਲੀ ਨੂੰ ਬੁਰਾ ਕਹਿਣਾ, ਨੁਕਸ

Digitized by Panjab Digital Library | www.panjabdigilib.org

ਕਰਨਾ ਫਜ਼ੂਲ ਬਹਿਸ ਕਰਨਾ ਆਪਣੇ ਆਪ ਨਾਲ ਜ਼ਿਆਦਤੀ ਹੈ। ਅੰਗਰੇਜ਼ੀ ਜਾਂ ਹਿੰਦੀ ਨਾਲ ਪੰਜਾਬੀ ਦਾ ਟਾਕਰਾ ਠੀਕ ਨਹੀਂ। ਪੰਜਾਬ ਪਿਆਰਿਆਂ ਨੂੰ ਚਾਹੀਦਾ ਏ ਕਿ ਜਿਥੇ ਉਹ ਹੋਰ ਚੀਜ਼ਾਂ ਤੇ ਖਰਚ ਕਰਦੇ ਹਨ, ਉਥੇ ਮਹੀਨੇ, ਦੋ ਮਹੀਨੇ ਜਾਂ ਛੇ ਮਹੀਨੇ ਵਿਚ ਕੁਝ ਨਾ ਕੁਝ ਰਕਮ ਪੰਜਾਬੀ ਪੁਸਤਕਾਂ ਤੇ ਵੀ ਖਰਚ ਕਰਿਆ ਕਰਨ। ਪੰਜਾਬੀ ਪੁਸਤਕਾਂ ਪੰਜਾਬ ਵਿਚ ਹੀ ਵਿਕਣੀਆਂ ਹਨ ਅਸੀ ਹੀ ਆਪਣੇ ਸਾਹਿਤਕਾਰਾਂ ਨੂੰ ਜੀਵਨ ਬਖਸ਼ਣਾ ਏ, ਜੇ ਅਸੀ ਹੀ ਉਨ੍ਹਾਂ ਦੀਆਂ ਪੁਸਤਕਾਂ ਨਹੀਂ ਖਰੀਦਾਂਗੇ ਤਾਂ ਯਕੀਨ ਨਾਲ ਮੈਂ ਕਹਿ ਸਕਦਾ ਹਾਂ ਕਿ ਸਾਹਿਤਕਾਰ ਵੀ ਆਪਣਾ ਚੰਗੇ ਤੋਂ ਚੰਗਾ ਸਾਹਿਤ ਸਾਡੇ ਤੀਕ ਨਹੀਂ ਪੁਚਾ ਸਕਣਗੇ। ਸਾਨੂੰ ਉਨ੍ਹਾਂ ਦਾ ਉਤਸ਼ਾਹ ਵਧਾਉਣਾ ਚਾਹੀਦਾ ਏ। ਉਨ੍ਹਾਂ ਦੇ ਜੀਵਨ ਵਿਚ ਹੀ ਪੰਜਾਬੀ ਪੰਜਾਬ ਤੇ ਸਾਡਾ ਆਪਣਾ ਜੀਵਨ ਹੈ।

ਪੰਜਾਬੀ ਵਧੇ, ਫੁਲੇ, ਉੱਨਤੀ ਕਰੇ, ਸ਼ੁਭ ਇਛਾਵਾਂ ਤੇ ਸ਼ੁਭ ਕਾਮਨਾਵਾਂ ਨਾਲ।

ਗਨੇਸ਼ ਆਸ਼ਰਮ
ਲਾਹੌਰੀ ਗੇਟ
ਪਟਿਆਲਾ

ਵਿਸ਼ਵਾ ਨਾਥ ਤਿਵਾੜੀ
ਐਮ. ਏ. ਬੀ. ਏ. (ਆਨਰਜ਼)
ਮੈਡਲਿਸਟ, ਰੀਸਰਚ ਸਕਾਲਰ

੮–੫–੫੭

Digitized by Panjab Digital Library | www.panjabdigilib.org

# ਗਜ਼ਲ

(ਵਿਸ਼ਵਾ ਨਾਥ ਤਿਵਾੜੀ)

ਜਾਗੇ ਹੋਏ ਇਨ੍ਹਾਂ ਨੈਣਾਂ ਨੂੰ ਮੈਂ, ਸੁਲਾ ਸਕਦਾ ਨਹੀਂ
ਚਾਹੁੰਦਾ ਹੋਇਆ ਵੀ ਤੈਨੂੰ ਮੈਂ, ਭੁਲਾ ਸਕਦਾ ਨਹੀਂ।
ਰਾਤ ਕਾਲੀ, ਸੁਤੀ ਦੁਨੀਆਂ, ਚੁਪ ਹੈ ਸਾਰੀ ਫਿਜ਼ਾ
ਏਸ ਖਾਮੋਸ਼ੀ 'ਚ ਵੀ ਤੈਨੂੰ ਮੈਂ, ਬੁਲਾ ਸਕਦਾ ਨਹੀਂ।
ਦਿਲ-ਚ-ਪੀੜਾਂ, ਅਥਰੂ ਨੈਣੀਂ, ਉਦਾਸੀ ਏ ਜਿੰਦਗੀ
ਰੁਲ ਚੁਕਾ ਹਾਂ ਮੈਂ ਮਗਰ ਤੈਨੂੰ, ਰੁਲਾ ਸਕਦਾ ਨਹੀਂ।
ਬਣ ਗਈ ਮੇਰੀ ਜਵਾਨੀ, ਸੌਣ ਦੀ ਕਾਲੀ ਘਟਾ
ਮੈਂ ਜਫ਼ਾ ਤੇ ਵੀ ਵਫ਼ਾ ਤੋਂ ਬਾਜ਼ ਆ ਸਕਦਾ ਨਹੀਂ।
ਨਾਲ ਗਮੀਆਂ ਲਾਈ ਯਾਰੀ, ਤੇਰੀਆਂ ਖੁਸ਼ੀਆਂ ਦੇ ਲਈ
ਮੈਂ ਖੁਸ਼ੀ ਆਪਣੀ ਲਈ ਤੈਨੂੰ, ਰੁਵਾ ਸਕਦਾ ਨਹੀਂ।
ਕੀ ਏ? ਜੇਕਰ ਇਸ਼ਕ ਮੇਰਾ, ਇਕ ਫ਼ਸਾਨਾਂ ਬਣ ਗਿਆ
ਖੁਸ਼ਬੂ ਆਪਣੀ ਨੂੰ ਕੋਈ ਵੀ ਫੁਲ, ਲੁਕਾ ਸਕਦਾ ਨਹੀਂ।
ਦੀਨ-ਦੁਨੀਆਂ ਦੇ ਖਜਾਨੇ, ਤੇਰੇ ਕਦਮਾਂ ਤੋਂ ਨਿਸਾਰ
ਜੱਮੇਨੂੰ ਨਤ ਵੀ ਮਿਲੇ, ਤੈਨੂੰ, ਭੁਲਾ ਸਕਦਾ ਨਹੀਂ।

Digitized by Panjab Digital Library | www.panjabdigilib.org

# ਗੀਤ

(ਹਰਬੰਸ ਅਰਮਾਨੀ)

ਨੀਲੇ ਅੰਬਰ ਮੋਤੀ ਚਮਕੇ
ਰਾਤ ਸੁਹਾਗਣ ਹੋਈ ਵੇ।
ਸਖਣਾ ਸਖਣਾ ਆਂਗਨ ਮੇਰਾ
ਵਿਚ ਹਿਜਰ ਮੈਂ ਰੋਈ ਵੇ।

ਨੀਲੇ ਅੰਬਰ ਬਦਲੀ ਛਾਈ
ਸਖੀਆਂ ਪੀਂਘ ਚੜ੍ਹਾਈ ਵੇ।
ਇਸ਼ਕ ਮੇਰੇ ਦੀ ਸੀਮਾਂ ਟੁਟੀ
ਤੂੰ ਬਣਿਆ ਹਰਜਾਈ ਵੇ।

ਨੀਲੇ ਅੰਬਰ ਕਿਣ ਮਿਣ ਹੋਈ
ਰੱਜੀ ਧਰਤ ਤਿਹਾਈ ਵੇ।
ਮੇਰੇ ਅੰਦਰ ਦੀ ਭੁਖ ਵਧੀ
ਪਲ ਪਲ ਯਾਦ ਸੁਵਾਈ ਵੇ।

ਨੀਲੇ ਅੰਬਰ ਚੰਨ ਦੀ ਟਿੱਕੀ
ਧਰਤੀ ਲਈ ਅੰਗੜਾਈ ਵੇ।
ਮੇਰੀ ਦੁਨੀਆਂ ਸੁੰਞੀ ਸੁੰਞੀ
ਗ਼ਮ ਦੀ ਬਦਲੀ ਛਾਈ ਵੇ।

ਨੀਲੇ ਅੰਬਰ ਪਹੁ ਫੁਟਾਲੇ
ਮਾਂਗ ਸੰਧੂਰ ਰਚਾਈ ਵੇ।
ਮੇਰੀ ਦੁਨੀਆਂ ਘੋਰ ਹਨੇਰੀ
ਅਗ ਹਿਜਰ ਨੇ ਲਾਈ ਵੇ।

............

Digitized by Panjab Digital Library | www.panjabdigilib.org

# ਗ਼ਜ਼ਲ

(ਸ੍ਰੀ ਵਿਸ਼ਵਾ ਨਾਥ ਤਿਵਾੜੀ)

ਜ਼ਿੰਦਗੀ ਦੀਆਂ ਠੋਕਰਾਂ ਤੇ ਮੁਸਕਰਾਉਂਦਾ ਹੀ ਰਿਹੈਂ
ਚੱਜ ਇਉਂ ਜੀਵਨ ਦਾ, ਜੀਵਨ ਨੂੰ ਸਿਖਾਉਂਦਾ ਹੀ ਰਿਹੈਂ।
ਹਰ ਮੁਸੀਬਤ ਦੇ ਸਮੇਂ, ਨੈਣੋਂ ਕਿਰੇ ਹੰਝੂ ਚੋਂ ਵੀ
ਜ਼ਿੰਦਗੀ ਨੂੰ ਜੀਊਣ ਦਾ ਮੈਂ, ਰਾਹ ਬਣਾਉਂਦਾ ਹੀ ਰਿਹੈਂ।
ਗੇੜੇ ਦਿਤੇ ਹੋਣੀਆਂ, ਜ਼ਿੰਦਗੀ ਦੇ ਇਕ ਇਕ ਮੋੜ ਤੇ
ਪਰ ਮੈਂ ਕਿਸਮਤ ਆਪਣੀ ਨੂੰ, ਅਜ਼ਮਾਉਂਦਾ ਹੀ ਰਿਹੈਂ।
ਜਨਮ ਤੋਂ ਟਕਰ ਰਹੀ, ਮੇਰੀ ਤੇ ਮੇਰੇ ਭਾਗ ਦੀ
ਕਸ਼-ਮਕਸ਼ ਵਿਚ ਪੈਕੇ ਮੈਂ, ਹਿੰਮਤ ਵਿਖਾਉਂਦਾ ਹੀ ਰਿਹੈਂ।
ਜ਼ਿੰਦਗੀ ਵਿਚ ਧੋਖਾ ਮੈਂ, ਦਿਤਾ ਜ਼ਮਾਨੇ ਨੂੰ ਬੜਾ
ਮੁਸਕਰਾਟਾਂ ਫੋਕੀਆਂ ਵਿਚ, ਦੁਖ ਛਿਪਾਉਂਦਾ ਹੀ ਰਿਹੈਂ।
ਸਾਹਮਣੇ ਤਕ ਕੇ ਉਨ੍ਹਾਂ ਨੂੰ, ਜਾਂਦਿਆਂ ਗੈਰਾਂ ਦੇ ਨਾਲ
ਬੇਵਫਾਈ ਤੇ ਵਫਾ ਦੇ, ਫੁਲ ਚੜ੍ਹਾਉਂਦਾ ਹੀ ਰਿਹੈਂ।
ਸਬਰ ਮੇਰੇ ਦਾ ਪਿਆਲਾ, ਛਲਕ ਉਠਿਆ ਸਾਕੀਆਂ
ਜ਼ਿੰਦਗੀ ਵਿਚ ਮੌਤ ਦਾ, ਨਕਸ਼ਾ ਬਣਾਉਂਦਾ ਹੀ ਰਿਹੈਂ।
ਓ ਜ਼ਮਾਨੇ ਦਾਦ ਦੇ, ਜੇਰੇ ਮੇਰੇ ਦੀ ਦਾਦ ਦੇ
ਤੇਰੀ ਖਾਤਰ ਪੀੜਾਂ ਵਿਚ ਵੀ, ਮੁਸਕਰਾਉਂਦਾ ਹੀ ਰਿਹੈਂ।
ਮੌਤ ਦੇ ਦਿਨ ਤੋਂ ਪਹਿਲਾਂ ਹੀ, ਮੌਤ ਮੇਰੀ ਹੋ ਗਈ
ਮੈਂ ਜਨਾਜ਼ਾ ਆਪਣਾ ਆਪੇ, ਸਜਾਉਂਦਾ ਹੀ ਰਿਹੈਂ।

ਛਿੰਦਾ ਆਰਟ ਪਰੈਸ ਚੌਕ ਨਾਰਦਾਨਾ ਪਟਿਆਲਾ।

PL-0293
Digitized by Panjab Digital Library | www.panjabdigilib.org